Alberta

ਨਿਊਜ਼ ਰਿਲੀਜ਼

# ਐਲਬਰਟਾ ਦੀਆਂ ਮਜ਼ਬੂਤ ਕਮਿਊਨਿਟੀਆਂ ਦਾ ਨਿਰਮਾਣ ਕਰਨਾ

21 ਫਰਵਰੀ 2023

## ਐਲਬਰਟਾ ਸਰਕਾਰ ਪਬਲਿਕ ਫੈਸਿਲਿਟੀਆਂ ਅਤੇ ਕਮਿਊਨਿਟੀ-ਆਧਾਰਿਤ ਸਮਾਜਿਕ ਪ੍ਰੋਗਰਾਮਾਂ ਨੂੰ ਹੋਰ ਵਧਾਉਣ ਵਾਸਤੇ ਨਾਨ-ਪ੍ਰਾਫਿਟ ਸੰਸਥਾਵਾਂ ਦੀ ਮਦਦ ਕਰਨ ਲਈ ਕਮਿਊਨਿਟੀ ਗਰਾਂਟਾਂ ਵਜੋਂ 38 ਮਿਲੀਅਨ ਡਾਲਰ ਤੋਂ ਵਧੇਰੇ ਪ੍ਰਦਾਨ ਕਰ ਰਹੀ ਹੈ।

ਮਜ਼ਬੂਤ ਅਤੇ ਜੀਵੰਤ ਕਮਿਊਨਿਟੀਆਂ ਦਾ ਨਿਰਮਾਣ ਕਰਨ ਦੁਆਰਾ, ਐਲਬਰਟਾ ਵਾਸੀਆਂ ਨੂੰ ਆਪਣੇ ਗੁਆਂਢੀਆਂ ਨਾਲ ਜੁੜਨ, ਨਵੇਂ ਹੁਨਰ ਸਿੱਖਣ ਅਤੇ ਸਥਾਨਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਕਈ ਸਾਰੇ ਮੌਕਿਆਂ ਤੱਕ ਪਹੁੰਚ ਪ੍ਰਾਪਤ ਹੈ।

"ਹਰ ਰੋਜ਼, ਕਮਿਊਨਿਟੀ ਅਤੇ ਨਾਨ-ਪ੍ਰਾਫਿਟ ਗਰੁੱਪ ਐਲਬਰਟਾ ਦੇ ਪਰਿਵਾਰਾਂ ਦੇ ਜੀਵਨ ਵਿੱਚ ਇੱਕ ਫਰਕ ਲਿਆਉਂਦੇ ਹਨ, ਅਤੇ ਮੈਂ ਬਹੁਤ ਖੁਸ਼ ਹਾਂ ਕਿ ਸਾਡੀ ਸਰਕਾਰ ਕੋਲ ਉਹਨਾਂ ਦੇ ਕੰਮ ਦਾ ਸਮਰਥਨ ਕਰਨ ਦੀ ਸਮਰੱਥਾ ਹੈ। ਇਹ ਕਮਿਊਨਿਟੀ ਗਰਾਂਟਾਂ ਆਉਣ ਵਾਲੇ ਸਾਲਾਂ ਲਈ ਹਰ ਉਮਰ ਦੇ ਐਲਬਰਟਾ ਵਾਸੀਆਂ ਨੂੰ ਸੁਰੱਖਿਅਤ ਥਾਂਵਾਂ ਅਤੇ ਉੱਚ-ਕੁਆਲਿਟੀ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰ ਸਕਣ ਦੀ ਉਹਨਾਂ ਦੀ ਯੋਗਤਾ ਲਈ ਮਹੱਤਵਪੂਰਨ ਹਨ।"

*Danielle Smith, ਪ੍ਰੀਮੀਅਰ*

ਕਮਿਊਨਿਟੀ  ਫੈਸਿਲਿਟੀ ਐਨਹਾਂਸਮੈਂਟ ਪ੍ਰੋਗਰਾਮ ਰਾਹੀਂ, ਐਲਬਰਟਾ ਸਰਕਾਰ ਐਲਬਰਟਾ ਭਰ ਵਿੱਚ 226 ਜਨਤਕ-ਵਰਤੋਂ ਵਾਲੀਆਂ ਫੈਸਿਲਿਟੀਆਂ ਅੱਪਗਰੇਡ ਕਰਨ ਜਾਂ ਉਸਾਰਨ 'ਚ ਮਦਦ ਕਰਨ ਵਾਸਤੇ 31.3 ਮਿਲੀਅਨ ਡਾਲਰ ਉਸ਼ ਪਾਸੇ ਨੂੰ ਦੇ ਰਹੀ ਹੈ। ਇਹਨਾਂ ਫੈਸਿਲਿਟੀਆਂ ਵਿੱਚ ਸਥਾਨਕ ਫੂਡ ਬੈਂਕ, ਮਨੋਰੰਜਨ ਕੇਂਦਰ, ਜਾਨਵਰਾਂ ਲਈ ਪਨਾਹਾਂ, ਪਾਰਕਾਂ ਅਤੇ ਹੋਰ ਨਾਨ-ਪ੍ਰਾਫਿਟ ਫੈਸਿਲਿਟੀਆਂ ਸ਼ਾਮਲ ਹਨ।

ਇਸ ਦੇ ਨਾਲ ਹੀ, ਕਮਿਊਨਿਟੀ ਇੰਨੀਸ਼ੀਏਟਿਵਜ਼ ਪ੍ਰੋਗਰਾਮ ਰਾਹੀਂ, 278 ਨਾਨ-ਪ੍ਰਾਫਿਟ ਸੰਸਥਾਵਾਂ ਨੂੰ ਉਹ ਪ੍ਰੋਗਰਾਮ ਅਤੇ ਪ੍ਰਾਜੈਕਟ ਡਿਲਿਵਰ ਕਰਨ 'ਚ ਮਦਦ ਦੇਣ ਵਾਸਤੇ 7 ਮਿਲੀਅਨ ਡਾਲਰ ਫੰਡਿੰਗ ਵਜੋਂ ਮੁਹੱਈਆ ਕੀਤੇ ਜਾਣਗੇ, ਜਿਹੜੇ ਸਥਾਨਕ ਨੌਕਰੀਆਂ ਪੈਦਾ ਕਰਦੇ, ਸਾਮਾਜਿਕ ਕਾਰਜਾਂ, ਮਨੋਰੰਜਕ ਅਤੇ ਸੱਭਿਆਚਾਰਕ ਗਤੀਵਿਧੀਆਂ ਦੀ

Classification: Public

ਸਹਾਇਤਾ ਕਰਦੇ ਅਤੇ ਐਲਬਰਟਾ ਵਾਸੀਆਂ ਨੂੰ ਆਪਣੀਆਂ ਕਮਿਊਨਿਟੀਆਂ ਨਾਲ ਪ੍ਰਸਪਰ ਜੁੜਨ ਲਈ ਮੌਕੇ ਪੈਦਾ ਕਰਦੇ ਹਨ।

# ਕਮਿਊਨਿਟੀ ਫੈਸਿਲਿਟੀ ਐਨਹਾਂਸਮੈਂਟ ਪ੍ਰੋਗਰਾਮ

ਕਮਿਊਨਿਟੀ ਫੈਸਿਲਿਟੀ ਐਨਹਾਂਸਮੈਂਟ ਪ੍ਰੋਗਰਾਮ ਨਾਨ-ਪ੍ਰਾਫਿਟ ਸੰਸਥਾਵਾਂ ਨੂੰ ਜਨਤਕ ਵਰਤੋਂ ਦੀਆਂ ਫੈਸਿਲਿਟੀਆਂ ਅੱਪਗਰੇਡ ਕਰਨ, ਮੁੜ-ਵਿਕਸਤ ਕਰਨ, ਖਰੀਦਣ ਜਾਂ ਉਸਾਰਨ ਵਾਸਤੇ ਉਨ੍ਹਾਂ ਦੇ ਫੰਡਾਂ ਦੇ ਬਰਾਬਰ ਦੀ ਫੰਡਿੰਗ ਮੁਹੱਈਆ ਕਰਦਾ ਹੈ। ਪ੍ਰੋਗਰਾਮ ਦੀ ਵੱਡੀ ਗਰਾਂਟ ਸਟ੍ਰੀਮ 125,000 ਡਾਲਰ ਅਤੇ 1 ਮਿਲੀਅਨ ਡਾਲਰ ਦੇ ਦਰਮਿਆਨ ਦੇ ਪ੍ਰਾਜੈਕਟਾਂ ਨੂੰ ਫੰਡ ਦਿੰਦੀ ਹੈ ਅਤੇ ਛੋਟੀ ਗਰਾਂਟ ਸਟ੍ਰੀਮ 125,000 ਡਾਲਰ ਤੱਕ ਦੇ ਪ੍ਰਾਜੈਕਟਾਂ ਨੂੰ ਫੰਡ ਪ੍ਰਦਾਨ ਕਰਦੀ ਹੈ। ਜਨਤਕ ਵਰਤੋਂ ਦੀਆਂ ਫੈਸਿਲਿਟੀਆਂ ਵਿੱਚ ਕਮਿਊਨਿਟੀ ਹਾਲ, ਮਨੋਰੰਜਨ ਫੈਸਿਲਿਟੀਆਂ, ਪਾਰਕਾਂ ਅਤੇ ਖੇਡ ਦੇ ਮੈਦਾਨ, ਪ੍ਰਾਕ੍ਰਿਤਕ ਏਰੀਏ, ਸਪੋਰਟਸ ਫੀਲਡ ਅਤੇ ਫੂਡ ਬੈਂਕ ਸ਼ਾਮਲ ਹਨ।

ਯੋਗ ਬਣਦੇ ਪ੍ਰਾਜੈਕਟ ਪਾਜ਼ਿਟਿਵ ਕਮਿਊਨਿਟੀ ਪ੍ਰਭਾਵ, ਆਰਥਿਕ ਫਾਇਦੇ, ਕਮਿਊਨਿਟੀ ਦੀ ਲੋੜ, ਪ੍ਰਾਜੈਕਟ ਤਿਆਰੀ ਅਤੇ ਸੰਸਥਾ ਦੇ ਤੌਰ 'ਤੇ ਨਿਭਣਯੋਗ ਹੋਣ ਦਾ ਪ੍ਰਦਰਸ਼ਨ ਕਰਦੇ ਹਨ।

# ਕਮਿਊਨਿਟੀ ਇੰਨੀਸ਼ੀਏਟਿਵਜ਼ ਪ੍ਰੋਗਰਾਮ

ਕਮਿਊਨਿਟੀ ਇੰਨੀਸ਼ੀਏਟਿਵਜ਼ ਪ੍ਰੋਗਰਾਮ ਰਾਹੀਂ ਪ੍ਰਾਜੈਕਟ-ਅਧਾਰਿਤ ਫੰਡਿੰਗ ਪ੍ਰਾਜੈਕਟ ਲੋੜਾਂ, ਜਿਵੇਂ ਕਿ ਨਵੀਂ ਪ੍ਰੋਗਰਾਮਿੰਗ ਅਤੇ ਈਵੈਂਟ ਮੇਜ਼ਬਾਨੀ ਦੀਆਂ ਲਾਗਤਾਂ, ਵਪਾਰਕ-ਵਰਤੋਂ ਵਾਲੇ ਵਾਹਨਾਂ ਦੀ ਖਰੀਦ, ਵੈੱਬਸਾਈਟ ਵਿਕਾਸ, ਤਕਨਾਲੋਜੀ 'ਚ ਵਾਧੇ ਅਤੇ ਮਾਰਕੀਟਿੰਗ ਲਈ ਜਾ ਸਕਦੀ ਹੈ। ਯੋਗਤਾ ਪੂਰੀ ਕਰਨ ਵਾਲੇ ਪ੍ਰਾਜੈਕਟ ਜ਼ਰੂਰੀ ਤੌਰ 'ਤੇ ਕਿਸੇ ਮਿਥੀ ਗਈ ਫੌਰੀ ਕਮਿਊਨਿਟੀ ਲੋੜ ਨੂੰ ਪੂਰੀ ਕਰਦੇ ਹੋਣ ਅਤੇ ਵਡੇਰੀ ਕਮਿਊਮਿਟੀ ਸ਼ਮੂਲੀਅਤ ਤੇ ਵਿਭਿੰਨ ਗਰੁੱਪਾਂ ਉੱਪਰ ਪ੍ਰਭਾਵ ਦਾ ਪ੍ਰਦਰਸ਼ਨ ਕਰਦੇ ਹੋਣ। ਫੰਡਿੰਗ ਲਈ ਪ੍ਰਾਜੈਕਟਾਂ ਨੂੰ ਹੇਠ ਲਿਖੇ ਦੇ ਆਧਾਰ 'ਤੇ ਵੀ ਤਰਜੀਹ ਦਿੱਤੀ ਜਾਵੇਗੀ:

- ਪ੍ਰੋਜੈਕਟ ਦੀ ਵਿਹਾਰਕਤਾ ਅਤੇ ਸੰਸਥਾ ਵਜੋਂ ਨਿਭਣਯੋਗਤਾ
- ਪ੍ਰੋਜੈਕਟ ਦੀ ਤਿਆਰੀ
- ਕਮਿਊਨਿਟੀ ਨੂੰ ਆਰਥਿਕ ਫਾਇਦੇ

ਕਮਿਊਨਿਟੀ ਇੰਨੀਸ਼ੀਏਟਿਵਜ਼ ਪ੍ਰੋਗਰਾਮ ਰਾਹੀਂ ਸੰਚਾਲਨ ਗ੍ਰਾਂਟਾਂ ਕਮਜ਼ੋਰ ਅਤੇ ਵਾਂਝੇ ਅਲਬਰਟਾ ਵਾਸੀਆਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਕੰਮ ਕਰ ਰਹੇ ਗੈਰ-ਮੁਨਾਫ਼ਿਆਂ ਦਾ ਸਮਰਥਨ ਕਰਦੀਆਂ ਹਨ। ਯੋਗਤਾ ਪੂਰੀ ਕਰਨ ਲਈ, ਸੰਸਥਾਵਾਂ ਕੋਲ ਇੱਕ ਪ੍ਰਾਇਮਰੀ ਮਿਸ਼ਨ ਜਾਂ ਉਦੇਸ਼ ਹੋਣਾ ਚਾਹੀਦਾ ਹੈ:

- ਸਿੱਧੀਆਂ ਸੇਵਾਵਾਂ ਅਤੇ ਪ੍ਰੋਗਰਾਮ ਪ੍ਰਦਾਨ ਕਰਨਾ ਜੋ ਕਮਜ਼ੋਰ, ਫਾਇਦਿਆਂ ਤੋਂ ਵਾਂਝੇ ਅਤੇ ਖਤਰੇ ਵਿਚਲੀ ਵੱਸੋਂ ਦੇ ਸਾਮਾਜਿਕ ਮਸਲਿਆਂ ਨੂੰ ਹੱਲ ਕਰਦੇ ਹਨ।
- ਸਾਰੇ ਐਲਬਰਟਾ ਵਾਸੀਆਂ ਲਈ ਮਾਨਵੀ, ਸਮਾਜਿਕ ਅਤੇ ਆਰਥਿਕ ਸਰੋਤਾਂ ਅਤੇ ਸੇਵਾਵਾਂ ਤੱਕ ਬਰਾਬਰ ਪਹੁੰਚ ਸਿਰਜਦੇ ਹਨ।

Classification: Public

- ਵਿਆਪਕ ਮਾਨਵੀ ਜਾਂ ਸਮਾਜਿਕ ਮੁੱਦਿਆਂ ਨੂੰ ਹੱਲ ਕਰਨ ਲਈ ਭਾਈਚਾਰਕ ਸਹਿਯੋਗ ਦਾ ਸਮਰਥਨ ਕਰਦੇ ਹਨ।

## ਸਬੰਧਿਤ ਜਾਣਕਾਰੀ

- ਕਮਿਊਨਿਟੀ ਫੈਸਿਲਿਟੀ ਐਂਨਹਾਂਸਮੈਂਟ ਪ੍ਰੋਗਰਾਮ
- ਕਮਿਊਨਿਟੀ ਇਨੀਸ਼ੀਏਟਿਵਜ਼ ਪ੍ਰੋਗਰਾਮ
- ਪਿਛਲੀਆਂ ਗਰਾਂਟਾਂ ਪ੍ਰਾਪਤ ਕਰਨ ਵਾਲਿਆਂ ਦਾ ਡੈਟਾਬੇਸ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ

---